ਮਿੱਠੇ ਬੱਚੇ:- ਆਪਣੇ ਨੂੰ ਸੁਧਾਰਣ ਦੇ ਲਈ ਅਟੈਂਸ਼ਨ ਦਿਓ , ਦੈਵੀਗੁਣ ਧਾਰਨ ਕਰੋ , ਬਾਪ ਕਦੇ ਕਿਸੇ ਤੇ ਨਾਰਾਜ਼ ਨਹੀਂ ਹੁੰਦੇ , ਸਿੱਖਿਆ ਦਿੰਦੇ ਹਨ , ਇਸ ਵਿੱਚ ਡਰਨ ਦੀ ਗੱਲ ਨਹੀਂ "

ਪ੍ਰਸ਼ਨ:- ਬੱਚਿਆਂ ਨੂੰ ਕਿਹੜੀ ਇੱਕ ਯਾਦ ਰਹੇ ਤਾਂ ਟਾਈਮ ਵੇਸਟ ਨਾ ਕਰਨ?

ਉੱਤਰ:- ਇਹ ਸੰਗਮ ਦਾ ਸਮਾਂ ਹੈ ਬਹੁਤ ਉੱਚੀ ਲਾਟਰੀ ਮਿਲੀ ਹੈ। ਬਾਪ ਸਾਨੂੰ ਹੀਰੇ ਵਰਗਾ ਦੇਵਤਾ ਬਣਾ ਰਹੇ ਹਨ। ਇਹ ਯਾਦ ਰਹੇ ਤਾਂ ਕਦੇ ਵੀ ਟਾਈਮ ਵੇਸਟ ਨਾ ਕਰਨ। ਇਹ ਨਾਲੇਜ਼ ਸੋਰਸ ਆਫ਼ ਇਨਕਮ ਹੈ। ਇਸ ਲਈ ਪੜ੍ਹਾਈ ਕਦੇ ਮਿਸ ਨਾ ਹੋਵੇ। ਮਾਇਆ ਦੇਹ - ਅਭਿਮਾਨ ਵਿੱਚ ਲਿਆਉਣ ਦੀ ਕੋਸ਼ਿਸ ਕਰੇਗੀ। ਲੇਕਿਨ ਤੁਹਾਡਾ ਡਾਇਰੈਕਟ ਬਾਪ ਨਾਲ ਯੋਗ ਹੋਵੇ ਤਾਂ ਸਮਾਂ ਸਫ਼ਲ ਹੋ ਜਾਵੇਗਾ।

ਓਮ ਸ਼ਾਂਤੀ। ਬੱਚਿਆਂ ਨੂੰ ਇਹ ਤਾਂ ਪਤਾ ਹੈ ਕਿ ਇਹ ਬਾਪ ਹੈ, ਇਸ ਵਿੱਚ ਡਰਨ ਦੀ ਕੋਈ ਗੱਲ ਨਹੀਂ। ਇਹ ਕੋਈ ਸਾਧੂ ਮਹਾਤਮਾ ਨਹੀਂ ਹੈ ਜੋ ਕੋਈ ਬਦ-ਦੂਆ ਕਰਨਗੇ ਜਾਂ ਗੁੱਸਾ ਕਰਨਗੇ। ਉਨ੍ਹਾਂ ਗੁਰੂਆਂ ਆਦਿ ਵਿੱਚ ਤਾਂ ਬਹੁਤ ਕ੍ਰੋਧ ਹੁੰਦਾ ਹੈ, ਤਾਂ ਉਨ੍ਹਾਂ ਤੋਂ ਮਨੁੱਖ ਡਰਦੇ ਹਨ, ਕਿਤੇ ਸਰਾਪ ਨਾ ਦੇ ਦੇਣ। ਇੱਥੇ ਤਾਂ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ। ਬੱਚਿਆਂ ਨੂੰ ਕਦੇ ਡਰਨ ਦੀ ਗੱਲ ਨਹੀਂ। ਬਾਪ ਤੋਂ ਡਰਦੇ ਉਹ ਹਨ ਜਿਹੜ੍ਹੇ ਖੁਦ ਚੰਚਲ ਹੁੰਦੇ ਹਨ। ਉਹ ਲੌਕਿਕ ਬਾਪ ਤਾਂ ਗੁੱਸਾ ਵੀ ਕਰਦੇ ਹਨ। ਇੱਥੇ ਤਾਂ ਬਾਪ ਕਦੇ ਗੁੱਸਾ ਆਦਿ ਨਹੀਂ ਕਰਦੇ ਹਨ। ਸਮਝਾਉਂਦੇ ਹਨ, ਜੇਕਰ ਬਾਪ ਨੂੰ ਯਾਦ ਨਹੀਂ ਕਰੋਗੇ ਤਾਂ ਵਿਕਰਮ ਵਿਨਾਸ਼ ਨਹੀਂ ਹੋਣਗੇ। ਆਪਣਾ ਹੀ ਜਨਮ - ਜਨਮਾਂਤ੍ਰ ਦਾ ਨੁਕਸਾਨ ਕਰਨਗੇ। ਬਾਪ ਤਾਂ ਸਮਝਾਉਣੀ ਦਿੰਦੇ ਹਨ ਅੱਗੇ ਦੇ ਲਈ ਸੁਧਰ ਜਾਣ। ਬਾਕੀ ਇਵੇਂ ਨਹੀਂ ਕਿ ਬਾਪ ਨਾਰਾਜ਼ ਹੁੰਦੇ ਹਨ। ਬਾਪ ਤਾਂ ਸਮਝਾਉਂਦੇ ਰਹਿੰਦੇ ਹਨ, ਬੱਚੇ ਆਪਣੇ ਨੂੰ ਸੁਧਾਰਨ ਦੇ ਲਈ ਯਾਦ ਦੀ ਯਾਤਰਾ ਤੇ ਅਟੈਂਸ਼ਨ ਦੇਵੋ। ਨਾਲ-ਨਾਲ ਬੁੱਧੀ ਵਿੱਚ ਚੱਕਰ ਨੂੰ ਰੱਖੋ, ਦੈਵੀਗੁਣ ਧਾਰਨ ਕਰੋ। ਯਾਦ ਹੈ ਮੁੱਖ। ਬਾਕੀ ਸ੍ਰਿਸ਼ਟੀ ਚੱਕਰ ਦੀ ਨਾਲੇਜ਼ ਤਾਂ ਬਹੁਤ ਸਿੰਪਲ ਹੈ। ਉਹ ਹੈ ਸੋਰਸ ਆਫ਼ ਇਨਕਮ। ਪਰ ਉਸਦੇ ਨਾਲ ਦੈਵੀਗੁਣ ਵੀ ਧਾਰਨ ਕਰਨੇ ਹਨ। ਇਸ ਵਕ਼ਤ ਹੈ ਬਿਲਕੁੱਲ ਆਸੁਰੀ ਗੁਣ। ਛੋਟੇ ਬੱਚਿਆਂ ਵਿੱਚ ਵੀ ਆਸੁਰੀ ਗੁਣ ਹੁੰਦੇ ਹਨ ਲੇਕਿਨ ਉਨ੍ਹਾਂ ਨੂੰ ਮਾਰਨਾ ਬਿਲਕੁੱਲ ਨਹੀਂ ਹੈ ਹੋਰ ਹੀ ਸਿੱਖਦੇ ਹਨ। ਉੱਥੇ ਸਤਿਯੁੱਗ ਵਿੱਚ ਤਾਂ ਸਿੱਖਣਾ ਨਹੀਂ ਹੁੰਦਾ ਹੈ। ਇੱਥੇ ਤਾਂ ਮਾਂ - ਬਾਪ ਤੋਂ ਬੱਚੇ ਸਭ ਸਿੱਖਦੇ ਹਨ। ਬਾਬਾ ਗਰੀਬਾਂ ਦੀ ਗੱਲ ਕਰਦੇ ਹਨ। ਸ਼ਾਹੂਕਾਰਾਂ ਦਾ ਤਾਂ ਇੱਥੇ ਜਿਵੇਂ ਸਵਰਗ ਹੈ। ਉਨ੍ਹਾਂ ਨੂੰ ਗਿਆਨ ਦੀ ਜਰੂਰਤ ਨਹੀਂ। ਇਹ ਤਾਂ ਪੜ੍ਹਾਈ ਹੈ। ਟੀਚਰ ਚਾਹੀਦਾ ਹੈ, ਜੋ ਸਿਖਾਵੇ, ਸੁਧਾਰੇ। ਤਾਂ ਬਾਪ ਗਰੀਬਾਂ ਦੀ ਗੱਲ ਕਰਦੇ ਹਨ। ਕਿਵੇਂ ਦੀ ਹਾਲਾਤ ਹੈ। ਕਿਵੇਂ-ਕਿਵੇਂ ਬੱਚੇ ਖ਼ਰਾਬ ਹੁੰਦੇ ਹਨ। ਮਾਂ - ਬਾਪ ਨੂੰ ਸਭ ਵੇਖਦੇ ਰਹਿੰਦੇ ਹਨ। ਫ਼ਿਰ ਛੋਟੇਪਨ ਵਿੱਚ ਹੀ ਸਭ ਖ਼ਰਾਬ ਹੋ ਜਾਂਦੇ ਹਨ। ਇਹ ਰੂਹਾਨੀ ਬਾਪ ਕਹਿੰਦੇ ਹਨ ਮੈਂ ਵੀ ਗ਼ਰੀਬ ਨਵਾਜ਼ ਹਾਂ। ਸਮਝਾਉਂਦਾ ਹਾਂ ਵੇਖੋ ਇਸ ਦੁਨੀਆਂ ਵਿੱਚ ਮਨੁੱਖਾਂ ਦੀ ਕੀ ਹਾਲਾਤ ਹੈ। ਤਮੋਪ੍ਰਧਾਨ ਦੁਨੀਆਂ ਹੈ। ਤਮੋਪ੍ਰਧਾਨ ਦੀ ਵੀ ਕੋਈ ਹੱਦ ਹੁੰਦੀਂ ਹੈ ਨਾ। 1250 ਸਾਲ ਤੇ ਕਲਯੁੱਗ ਨੂੰ ਹੋਏ। ਇੱਕ ਦਿਨ ਵੀ ਘੱਟ ਵੱਧ ਨਹੀਂ। ਦੁਨੀਆਂ ਜਦੋਂ ਪੂਰੀ ਤਮੋਪ੍ਰਧਾਨ ਹੋਈ ਤਾਂ ਬਾਪ ਨੂੰ ਆਉਣਾ ਪਿਆ। ਬਾਪ ਕਹਿੰਦੇ ਹਨ ਮੈਂ ਡਰਾਮੇ ਦੇ ਅਨੁਸਾਰ ਬੰਧਾਏਮਾਨ ਹਾਂ। ਮੈਨੂੰ ਆਉਣਾ ਹੀ ਪੈਂਦਾ ਹੈ, ਸ਼ੁਰੂ ਵਿੱਚ ਕਿੰਨੇ ਗ਼ਰੀਬ ਆਏ। ਸ਼ਾਹੂਕਾਰ ਵੀ ਆਏ, ਦੋਵੇਂ ਇਕੱਠੇ ਬੈਠਦੇ ਸਨ। ਵੱਡੇ-ਵੱਡੇ ਘਰਾਂ ਦੀਆਂ ਬੱਚੀਆਂ ਭੱਜੀਆਂ, ਕੁਝ ਵੀ ਲੈਕੇ ਨਹੀਂ ਆਈਆਂ। ਕਿੰਨਾ ਹੰਗਾਮਾ ਹੋ ਗਿਆ ਹੈ। ਡਰਾਮੇ ਵਿੱਚ ਜੋ ਹੋਣਾ ਸੀ, ਸੋ ਹੋ ਗਿਆ। ਖ਼ਿਆਲ ਵੀ ਨਹੀਂ ਸੀ, ਅਜਿਹਾ ਹੋਵੇਗਾ। ਬਾਬਾ ਖ਼ੁਦ ਵੰਡਰ ਖਾਂਦੇ ਸਨ ਕੀ ਹੋ ਰਿਹਾ ਹੈ। ਇਨ੍ਹਾਂ ਦੀ ਹਿਸਟਰੀ ਬੜੀ ਵੰਡਰਫੁਲ ਹੈ। ਇਹ ਵੀ ਡਰਾਮੇ ਵਿੱਚ ਨੂੰਧ ਹੈ। ਬਾਬਾ ਨੇ ਸਭ ਨੂੰ ਕਹਿ ਦਿੱਤਾ ਚਿੱਠੀ ਲਿਖਾ ਕੇ ਲੈ ਆਓ - ਅਸੀਂ ਗਿਆਨ ਅੰਮ੍ਰਿਤ ਪੀਣ ਜਾਂਦੇ ਹਾਂ। ਫ਼ਿਰ ਉਨ੍ਹਾਂ ਦੇ ਪਤੀ ਲੋਕ ਵਿਲਾਇਤ ਵਿੱਚੋਂ ਆ ਗਏ। ਉਹ ਬੋਲੇ ਸਾਨੂੰ ਵਿਸ਼ ਦੇਵੋ, ਇਹ ਕਹਿਣ ਅਸੀਂ ਗਿਆਨ ਅੰਮ੍ਰਿਤ ਪੀਤਾ ਹੈ, ਵਿਸ਼ ਕਿਵੇਂ ਦੇ ਸਕਦੇ। ਇਸ ਤੇ ਉਨ੍ਹਾਂ ਦਾ ਗੀਤ ਵੀ ਹੈ। ਇਸਨੂੰ ਕਹਿੰਦੇ ਹਨ ਚਰਿੱਤਰ। ਸ਼ਾਸਤਰਾਂ ਵਿੱਚ ਫ਼ਿਰ ਕ੍ਰਿਸ਼ਨ ਦੇ ਚਰਿੱਤਰ ਲਿਖ ਦਿੱਤੇ ਹਨ। ਕ੍ਰਿਸ਼ਨ ਦੀ ਤੇ ਗੱਲ ਹੋ ਨਾ ਸਕੇ। ਤਾਂ ਇਹ ਸਭ ਡਰਾਮੇ ਵਿੱਚ ਨੂੰਧ ਹੈ। ਨਾਟਕ ਵਿੱਚ ਇਹ ਸਭ ਹੁੰਦਾ ਹੈ। ਹੰਸੀਕੁੰਡੀ ਆਦਿ-ਆਦਿ... ਇਹ ਤਾਂ ਦੋਵੇਂ ਬਾਪ ਕਹਿੰਦੇ ਹਨ ਅਸੀਂ ਕੁਝ ਵੀ ਨਹੀਂ ਕੀਤਾ। ਇਹ ਤਾਂ ਡਰਾਮੇ ਦਾ ਖੇਲ ਚੱਲ ਰਿਹਾ ਹੈ। ਛੋਟੇ-ਛੋਟੇ ਬੱਚੇ ਆ ਗਏ, ਉਹ ਹੁਣ ਕਿੰਨੇ ਵੱਡੇ-ਵੱਡੇ ਹੋ ਗਏ ਹਨ। ਬੱਚਿਆਂ ਦੇ ਕਿੰਨੇ ਵੰਡਰਫੁਲ ਨਾਮ ਸੰਦੇਸ਼ ਪੁੱਤਰੀਆਂ ਲੈ ਆਈਆਂ, ਫ਼ਿਰ ਜੋ ਉਨਾਂ ਵਿਚੋਂ ਭੱਜ ਗਏ, ਉਨ੍ਹਾਂ ਦਾ ਉਹ ਨਾਮ ਤਾਂ ਹੈ ਹੀ ਨਹੀਂ, ਫ਼ਿਰ ਪੁਰਾਣਾ ਨਾਮ ਸ਼ੁਰੂ ਹੋ ਗਿਆ। ਇਸਲਈ ਬ੍ਰਾਹਮਣਾ ਦੀ ਮਾਲਾ ਹੁੰਦੀਂ ਨਹੀਂ।

ਤੁਹਾਡੇ ਕੋਲ ਕੁਝ ਵੀ ਨਹੀਂ ਹੈ। ਪਹਿਲੇ ਮਾਲਾ ਫੇਰਦੇ ਸਨ। ਹੁਣ ਤੁਸੀਂ ਮਾਲਾ ਦੇ ਦਾਣੇ ਬਣਦੇ ਹੋ। ਉੱਥੇ ਭਗਤੀ ਹੁੰਦੀਂ ਨਹੀਂ, ਇਹ ਨਾਲੇਜ਼ ਹੈ ਸਮਝਣ ਦੀ, ਹੈ ਵੀ ਸੈਕਿੰਡ ਦੀ ਨਾਲੇਜ਼। ਫ਼ਿਰ ਉਨ੍ਹਾਂ ਨੂੰ ਕਹਿੰਦੇ ਹਨ ਗਿਆਨ ਦਾ ਸਾਗਰ, ਸਾਰਾ ਸਾਗਰ ਸਿਆਹੀ ਬਣਾਓ, ਜੰਗਲ ਕਲਮ ਬਣਾਓ ਤਾਂ ਵੀ ਪੂਰਾ ਹੋ ਨਾ ਸਕੇ ਅਤੇ ਫ਼ਿਰ ਹੈ ਵੀ ਸੈਕਿੰਡ ਦੀ ਗੱਲ। ਅਲਫ਼ ਨੂੰ ਜਾਣ ਗਏ ਹੋ ਤਾਂ ਬੇ ਬਾਦਸ਼ਾਹੀ ਜਰੂਰ ਮਿਲਣੀ ਚਾਹੀਦੀ ਹੈ। ਤਾਂ ਉਹ ਅਵਸਥਾ ਜਮਾਉਣ ਵਿੱਚ ਮਤਲਬ ਪਤਿਤ ਤੋਂ ਪਾਵਨ ਹੋਣ ਵਿੱਚ ਮਿਹਨਤ ਹੈ। ਬਾਪ ਕਹਿੰਦੇਂ ਹਨ ਆਪਣੇ ਨੂੰ ਆਤਮਾ ਸਮਝ ਮੈਨੂੰ ਆਪਣੇ ਬੇਹੱਦ ਦੇ ਬਾਪ ਨੂੰ ਯਾਦ ਕਰੋ। ਇਸ ਵਿੱਚ ਮਿਹਨਤ ਹੈ। ਤਦਬੀਰ ਕਰਵਾਉਣ ਵਾਲਾ

ਟੀਚਰ ਤਾਂ ਹੈ ਪਰ ਕਿਸੇ ਦੀ ਤਕਦੀਰ ਵਿੱਚ ਨਹੀਂ ਹੈ ਤਾਂ ਟੀਚਰ ਵੀ ਕੀ ਕਰੇ। ਟੀਚਰ ਤਾਂ ਪੜ੍ਹਾਉਣਗੇ ਇਵੇਂ ਤਾਂ ਨਹੀਂ ਜੋ ਰਿਸ਼ਵਤ ਲੈ ਕੇ ਪਾਸ ਕਰ ਦੇਣਗੇ! ਇਹ ਤਾਂ ਬੱਚੇ ਸਮਝਦੇ ਹਨ ਇਹ ਬਾਪਦਾਦਾ ਦੋਵੇਂ ਇਕੱਠੇ ਹਨ। ਫੇਰ ਬੱਚੀਆਂ ਦੀਆਂ ਚਿੱਠੀਆਂ ਆਉਂਦੀਆਂ ਹਨ ਬਾਪ ਦੇ ਨਾਮ ਤੇ। ਸ਼ਿਵਬਾਬਾ ਕੇਅਰ ਆਫ਼ ਪ੍ਰਜਾਪਿਤਾ ਬ੍ਰਹਮਾ। ਬਾਪ ਤੋਂ ਵਰਸਾ ਲੈਂਦੇ ਹੋ ਇਸ ਦਾਦਾ ਦੁਆਰਾ। ਤ੍ਰਿਮੂਰਤੀ ਵਿੱਚ ਹੈ - ਬ੍ਰਹਮਾ ਦੁਆਰਾ ਸਥਾਪਨਾ ਕਰਵਾਉਂਦੇ ਹਨ। ਬ੍ਰਹਮਾ ਨੂੰ ਕ੍ਰਿਏਟਰ ਨਹੀਂ ਕਹਾਂਗੇ। ਬੇਹੱਦ ਦਾ ਕ੍ਰਿਏਟਰ ਤਾਂ ਉਹ ਬਾਪ ਹੀ ਹੈ। ਪ੍ਰਜਾਪਿਤਾ ਬ੍ਰਹਮਾ ਵੀ ਬੇਹੱਦ ਦਾ ਹੋ ਗਿਆ। ਪ੍ਰਜਾਪਿਤਾ ਬ੍ਰਹਮਾ ਹੈ ਤਾਂ ਬਹੁਤ ਪ੍ਰਜਾ ਹੋ ਜਾਵੇਗੀ। ਸਭ ਕਹਿੰਦੇ ਹਨ ਗ੍ਰੇਟ-ਗ੍ਰੇਟ ਗ੍ਰੈਂਡ ਫਾਦਰ, ਸ਼ਿਵਬਾਬਾ ਨੂੰ ਗ੍ਰੇਟ-ਗ੍ਰੇਟ ਗ੍ਰੈਂਡ ਫਾਦਰ ਨਹੀਂ ਕਹਾਂਗੇ। ਉਹ ਤਾਂ ਸਾਰੀਆਂ ਆਤਮਾਵਾਂ ਦਾ ਬਾਪ ਹੋ ਗਿਆ। ਆਤਮਾਵਾਂ ਸਾਰੀਆਂ ਭਰਾ-ਭਰਾ ਹਨ। ਫ਼ਿਰ ਭੈਣ - ਭਰਾ ਹੁੰਦੇ ਹਨ। ਬੇਹੱਦ ਦੇ ਸਿਜ਼ਰੇ ਦਾ ਹੈੱਡ ਪ੍ਰਜਾਪਿਤਾ ਬ੍ਰਹਮਾ ਹੋ ਗਿਆ। ਜਿਵੇਂ ਬਿਰਾਦਰੀ ਦਾ ਸਿਜ਼ਰਾ ਹੁੰਦਾ ਹੈ। ਇਹ ਹੈ ਬੇਹੱਦ ਦਾ ਸਿਜ਼ਰਾ। ਆਦਮ ਅਤੇ ਬੀਬੀ, ਐਡਮ ਅਤੇ ਈਵ ਕਿਸਨੂੰ ਕਹਿੰਦੇ ਹਨ? ਬ੍ਰਹਮਾ ਸਰਸਵਤੀ ਨੂੰ ਕਹਾਂਗੇ। ਹੁਣ ਸਿਜ਼ਰਾ ਤੇ ਬਹੁਤ ਵੱਡਾ ਹੋ ਗਿਆ ਹੈ। ਸਾਰਾ ਝਾੜ ਜੜ੍ਹਜੜ੍ਹੀਭੂਤ ਹੋ ਗਿਆ ਹੈ। ਫ਼ਿਰ ਨਵਾਂ ਚਾਹੀਦਾ ਹੈ। ਇਸਨੂੰ ਕਿਹਾ ਜਾਂਦਾ ਹੈ ਵਰਾਇਟੀ ਧਰਮਾਂ ਦਾ ਝਾੜ। ਵਰਾਇਟੀ ਫ਼ੀਚਰਜ਼ ਹਨ। ਇਕ ਨਾ ਮਿਲੇ ਦੂਜੇ ਨਾਲ। ਹਰੇਕ ਦੀ ਐਕਟੀਵਿਟੀ ਪਾਰਟ ਇੱਕ ਨਾ ਮਿਲੇ ਦੂਜੇ ਨਾਲ। ਇਹ ਬਹੁਤ ਗਹਿਰੀਆਂ ਗੱਲਾਂ ਹਨ। ਛੋਟੀ ਬੁੱਧੀ ਵਾਲੇ ਤਾਂ ਸਮਝ ਨਾ ਸਕਣ। ਬਹੁਤ ਮੁਸ਼ਕਿਲ ਹੈ। ਅਸੀਂ ਆਤਮਾਵਾਂ ਛੋਟੀ ਬਿੰਦੀ ਹਾਂ। ਪਰਮਪਿਤਾ ਪਰਮਾਤਮਾ ਵੀ ਛੋਟੀ ਬਿੰਦੀ ਹੈ, ਇੱਥੇ ਬਾਜੂ ਵਿੱਚ ਆਕੇ ਬਹਿੰਦੇ ਹਨ। ਆਤਮਾ ਕੋਈ ਛੋਟੀ ਵੱਡੀ ਨਹੀਂ ਹੁੰਦੀਂ ਹੈ। ਬਾਪਦਾਦਾ ਦੋਵਾਂ ਦਾ ਇਕੱਠਾ ਪਾਰਟ ਬੜਾ ਵੰਡਰਫੁਲ ਹੈ। ਬਾਬਾ ਨੇ ਇਹ ਰੱਥ ਬੜਾ ਅਨੁਭਵੀ ਲਿਆ ਹੈ। ਬਾਬਾ ਖੁਦ ਸਮਝਾਉਂਦੇ ਹਨ ਇਹ ਭਾਗਿਆਸ਼ਾਲੀ ਰੱਥ ਹੈ। ਇਸ ਮਕਾਨ ਮਤਲਬ ਰੱਥ ਵਿੱਚ ਆਤਮਾ ਬੈਠੀ ਹੈ। ਅਸੀਂ ਐਸੇ ਬਾਪ ਨੂੰ ਕਿਰਾਏ ਤੇ ਮਕਾਨ ਜਾਂ ਰੱਥ ਦੇਈਏ ਤਾਂ ਕੀ ਸਮਝਦੇ ਹੋ! ਇਸਲਈ ਇਨ੍ਹਾਂ ਨੂੰ ਭਾਗਿਆਸ਼ਾਲੀ ਰੱਥ ਕਿਹਾ ਜਾਂਦਾ ਹੈ, ਇਸ ਵਿੱਚ ਬਾਪ ਬੈਠ ਤੁਹਾਨੂੰ ਬੱਚਿਆਂ ਨੂੰ ਹੀਰੇ ਵਰਗਾ ਦੇਵਤਾ ਬਣਾਉਂਦੇ ਹਨ। ਪਹਿਲਾਂ ਥੋੜ੍ਹੀਨਾ ਸਮਝਦੇ ਸੀ। ਬਿਲਕੁੱਲ ਤੁੱਛ ਬੁੱਧੀ ਸਨ।

ਹੁਣ ਤੁਸੀਂ ਸਮਝਦੇ ਹੋ ਤਾਂ ਚੰਗੀ ਤਰ੍ਹਾਂ ਪੁਰਸ਼ਾਰਥ ਵੀ ਕਰਨਾ ਚਾਹੀਦਾ ਹੈ, ਟਾਈਮ ਵੇਸਟ ਨਹੀਂ ਕਰਨਾ ਚਾਹੀਦਾ। ਸਕੂਲ ਵਿੱਚ ਟਾਈਮ ਵੇਸਟ ਕਰਨ ਨਾਲ ਨਾਪਾਸ ਜੋ ਜਾਵੋਗੇ। ਬਾਪ ਤੁਹਾਨੂੰ ਬਹੁਤ ਵੱਡੀ ਲਾਟਰੀ ਦਿੰਦੇ ਹਨ। ਕੋਈ ਰਾਜੇ ਦੇ ਘਰ ਜਨਮ ਲੈਂਦੇ ਹਨ ਤਾਂ ਜਿਵੇਂਕਿ ਲਾਟਰੀ ਮਿਲੀ ਨਾ। ਕੰਗਾਲ ਹਨ ਤਾਂ ਉਸਨੂੰ ਲਾਟਰੀ ਥੋੜ੍ਹੀ ਨਾ ਕਹਾਂਗੇ। ਇਹ ਹੈ ਸਭ ਤੋਂ ਉੱਚੀ ਲਾਟਰੀ, ਇਸ ਵਿੱਚ ਟਾਈਮ ਵੇਸਟ ਨਹੀਂ ਕਰਨਾ ਚਾਹੀਦਾ। ਬਾਪ ਜਾਣਦੇ ਹਨ ਮਾਇਆ ਦੀ ਬਾਕਸਿੰਗ ਹੈ। ਘੜੀ-ਘੜੀ ਮਾਇਆ ਦੇਹ - ਅਭਿਮਾਨ ਵਿੱਚ ਲਿਆਉਂਦੀ ਹੈ। ਤੁਹਾਡਾ ਬਾਪ ਦੇ ਨਾਲ ਡਾਇਰੈਕਟ ਯੋਗ ਹੈ। ਸਾਹਮਣੇ ਬੈਠੇ ਹੋ ਨਾ ਇਸਲਈ ਇੱਥੇ ਰਿਫਰੈਸ਼ ਹੋਣ ਆਉਂਦੇ ਹੋ ਡਰਾਮੇ ਅਨੁਸਾਰ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਜੋ ਸਮਝਾਉਂਦਾ ਹਾਂ ਉਹ ਧਾਰਨ ਕਰਨਾ ਹੈ। ਇਹ ਗਿਆਨ ਵੀ ਤੁਹਾਨੂੰ ਹੁਣ ਹੀ ਮਿਲਦਾ ਹੈ। ਫ਼ਿਰ ਪਰਾਏ: ਲੋਪ ਹੋ ਜਾਂਦਾ ਹੈ। ਫੇਰ ਆਤਮਾਵਾਂ ਚਲੀਆਂ ਜਾਂਦੀਆਂ ਹਨ ਸ਼ਾਂਤੀਧਾਮ। ਫ਼ਿਰ ਅੱਧਾ ਕਲਪ ਤੋਂ ਬਾਅਦ ਭਗਤੀ ਮਾਰਗ ਸ਼ੁਰੂ ਹੁੰਦਾ ਹੈ। ਅੱਧਾਕਲਪ ਤੋਂ ਤੁਸੀਂ ਵੇਦ - ਸ਼ਾਸਤਰ ਪੜ੍ਹਦੇ ਆਏ, ਭਗਤੀ ਕਰਦੇ ਆਏ ਹੋ। ਹੁਣ ਮੂਲ ਗੱਲ ਸਮਝਾਈ ਜਾਂਦੀ ਹੈ ਕਿ ਤੁਸੀਂ ਬਾਪ ਨੂੰ ਯਾਦ ਕਰੋ ਤਾਂ ਜਨਮ - ਜਨਮਾਂਤ੍ਰ ਦੇ ਵਿਕਰਮ ਵਿਨਾਸ਼ ਹੋਣ। ਇਹ ਨਾਲੇਜ਼ ਹੈ ਸੋਰਸ ਆਫ਼ ਇਨਕਮ, ਇਸ ਨਾਲ ਤੁਸੀਂ ਪਦਮਾਪਦਮ ਭਾਗਿਆਸ਼ਾਲੀ ਬਣਦੇ ਹੋ। ਸਵਰਗ ਦੇ ਮਾਲਿਕ ਬਣਦੇ ਹੋ। ਉੱਥੇ ਤਾਂ ਸਾਰੇ ਸੁੱਖ ਹਨ। ਬਾਪ ਯਾਦ ਦਿਵਾਉਂਦੇ ਹਨ ਤੁਹਾਨੂੰ ਸਵਰਗ ਵਿੱਚ ਕਿੰਨੇ ਅਪਾਰ ਸੁੱਖ ਦਿੱਤੇ। ਤੁਸੀਂ ਵਿਸ਼ਵ ਦੇ ਮਾਲਿਕ ਸੀ ਫ਼ਿਰ ਸਭ ਗਵਾ ਦਿੱਤਾ। ਤੁਸੀਂ ਰਾਵਣ ਦੇ ਗ਼ੁਲਾਮ ਬਣ ਗਏ ਹੋ। ਰਾਮ ਅਤੇ ਰਾਵਣ ਦਾ ਕਿੰਨਾ ਇਹ ਵੰਡਰਫੁਲ ਖੇਲ ਹੈ। ਇਹ ਫ਼ਿਰ ਵੀ ਹੋਵੇਗਾ। ਅਨਾਦਿ ਬਣਿਆ ਬਣਾਇਆ ਖੇਲ ਹੈ। ਸਵਰਗ ਵਿੱਚ ਤੁਸੀਂ ਐਵਰ ਹੈਲਥੀ-ਵੈਲਥੀ ਬਣਦੇ ਹੋ। ਇੱਥੇ ਮਨੁਖਾਂ ਨੂੰ ਹੈਲਥੀ ਬਨਾਉਣ ਦੇ ਲਈ ਕਿੰਨਾ ਖ਼ਰਚਾ ਕਰਦੇ ਹਨ ਉਹ ਵੀ ਇੱਕ ਜਨਮ ਦੇ ਲਈ। ਤੁਹਾਨੂੰ ਅਧਾਕਲਪ ਐਵਰ ਹੈਲਥੀ ਬਣਾਉਣ ਵਿੱਚ ਕੀ ਖ਼ਰਚਾ ਹੁੰਦਾ ਹੈ! ਇਕ ਨਵਾਂ ਪੈਸਾ ਵੀ ਨਹੀਂ। ਦੇਵਤੇ ਐਵਰਹੈਲਥੀ ਹਨ ਨਾ। ਤੁਸੀਂ ਇੱਥੇ ਆਏ ਹੀ ਹੋ ਐਵਰਹੈਲਥੀ ਬਣਨ ਦੇ ਲਈ। ਇਕ ਬਾਪ ਤੋਂ ਇਲਾਵਾ ਸਭ ਨੂੰ ਐਵਰਹੈਲਥੀ ਹੋਰ ਕੋਈ ਬਣਾ ਨਾ ਸਕੇ। ਤੁਸੀਂ ਹੁਣ ਸਰਵਗੁਣ ਸੰਪੰਨ ਬਣ ਰਹੇ ਹੋ। ਹੁਣ ਤੁਸੀਂ ਸੰਗਮ ਤੇ ਹੋ। ਬਾਪ ਤੁਹਾਨੂੰ ਨਵੀਂ ਦੁਨੀਆਂ ਦਾ ਮਾਲਿਕ ਬਣਾ ਰਹੇ ਹਨ। ਡਰਾਮਾ ਪਲਾਨ ਅਨੁਸਾਰ ਜਦੋਂ ਤੱਕ ਬ੍ਰਾਹਮਣ ਨਾ ਬਣੀਏ ਉਦੋਂ ਤੱਕ ਦੇਵਤਾ ਬਣ ਨਹੀਂ ਸਕਦੇ। ਜਦੋਂ ਤੱਕ ਪੁਰਸ਼ੋਤਮ ਸੰਗਮਯੁੱਗ ਤੇ ਬਾਪ ਤੋਂ ਪੁਰਸ਼ੋਤਮ ਬਣਨ ਨਾ ਆਈਏ ਤਾਂ ਦੇਵਤਾ ਬਣ ਨਹੀ ਸਕਦੇ।

ਅੱਛਾ ਅੱਜ ਬਾਬਾ ਨੇ ਰੂਹਾਨੀ ਡਰਿਲ ਵੀ ਸਿਖਾਈ, ਨਾਲੇਜ਼ ਵੀ ਸੁਣਾਈ, ਬੱਚਿਆਂ ਨੂੰ ਸਾਵਧਾਨ ਵੀ ਕੀਤਾ। ਗਫ਼ਲਤ ਨਹੀਂ ਕਰੋ, ਉਲਟਾ - ਸੁਲਟਾ ਬੋਲੋ ਵੀ ਨਹੀਂ। ਸ਼ਾਂਤੀ ਵਿੱਚ ਰਹੋ ਅਤੇ ਬਾਪ ਨੂੰ ਯਾਦ ਕਰੋ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਵਿਰਕਰਮ ਵਿਨਾਸ਼ ਕਰ ਖੁਦ ਨੂੰ ਸੁਧਾਰਨ ਦੇ ਲਈ ਯਾਦ ਦੀ ਯਾਤਰਾ ਤੇ ਪੂਰਾ ਅਟੈਂਸ਼ਨ ਦੇਣਾ ਹੈ। ਦੈਵੀਗੁਣ ਧਾਰਨ ਕਰਨੇ ਹਨ।

2. ਦੇਵਤਾ ਬਣਨ ਦੇ ਲਈ ਸੰਗਮਯੁਗ ਤੇ ਪੁਰਸ਼ੋਤਮ ਬਣਨ ਦਾ ਪੁਰਸ਼ਾਰਥ ਕਰਨਾ ਹੈ, ਗ਼ਫ਼ਲਤ ਵਿੱਚ ਆਪਣਾ ਟਾਇਮ ਵੇਸ੍ਟ ਨਹੀਂ ਕਰਨਾ ਹੈ।

ਵਰਦਾਨ:- ਗਿਆਨ ਦੇ ਸ੍ਰੇਸ਼ਠ ਖ਼ਜਾਨਿਆਂ ਨੂੰ ਮਹਾਦਾਨੀ ਬਣ ਦਾਨ ਕਰਨ ਵਾਲੇ ਮਾਸਟਰ ਗਿਆਨ ਸਾਗਰ ਭਵ

ਜਿਵੇਂ ਬਾਪ ਗਿਆਨ ਦਾ ਸਾਗਰ ਹੈ, ਇਵੇਂ ਮਾਸਟਰ ਗਿਆਨ ਸਾਗਰ ਬਣ ਸਦਾ ਹੋਰਾਂ ਨੂੰ, ਗਿਆਨ ਦਾਨ ਦਿੰਦੇ ਰਹੋ। ਗਿਆਨ ਦਾ ਕਿੰਨਾ ਸ੍ਰੇਸ਼ਠ ਖਜਾਨਾ ਤੁਸੀਂ ਬੱਚਿਆਂ ਦੇ ਕੋਲ ਹੈ। ਉਸੀ ਖਜ਼ਾਨੇ ਨਾਲ ਭਰਪੂਰ ਬਣ ਯਾਦ ਦੇ ਅਨੁਭਵਾਂ ਨਾਲ ਹੋਰਾਂ ਦੀ ਸੇਵਾ ਕਰੋ। ਜੋ ਵੀ ਖਜ਼ਾਨੇ ਮਿਲੇ ਹਨ ਮਹਾਦਾਨੀ ਬਣ ਉਹਨਾਂ ਦਾ ਦਾਨ ਕਰਦੇ ਰਹੋ ਕਿਉਂਕਿ ਇਹ ਖਜ਼ਾਨੇ ਜਿਨਾਂ ਦਾਨ ਕਰੋਗੇ ਓਨਾ ਹੋਰ ਵੀ ਵੱਧਦੇ ਜਾਣਗੇ। ਮਹਾਦਾਨੀ ਬਣਨਾ ਮਤਲਬ ਦੇਣਾ ਨਹੀਂ ਬਲਕੀ ਹੋਰ ਵੀ ਭਰਨਾ।

ਸਲੋਗਨ:- ਜੀਵਨਮੁਕਤ ਦੇ ਨਾਲ ਦੇਹ ਤੋਂ ਨਿਆਰੇ ਵਿਦੇਹੀ ਬਣਨਾ - ਇਹ ਹੈ ਪੁਰਸ਼ਾਰਥ ਦੀ ਲਾਸ੍ਟ ਸਟੇਜ।

******

ਮਤੇਸ਼ਵਰੀ ਜੀ ਦੇ ਮਧੁਰ ਮਹਾਵਾਕਿਆ

--------------------- “ ਗੁਪਤ ਵੇਸ਼ਧਾਰੀ ਪਰਮਾਤਮਾ ਦੇ ਅੱਗੇ ਕੰਨਿਆਵਾਂ , ਮਾਤਾਵਾਂ ਦਾ ਸੰਨਿਆਸ ”

ਹੁਣ ਦੁਨਿਆਵੀ ਮਨੁੱਖਾਂ ਨੂੰ ਇਹ ਵਿਚਾਰ ਤਾਂ ਆਉਣਾ ਚਾਹੀਦਾ ਹੈ ਕਿ ਇਨ੍ਹਾਂ ਕੰਨਿਆਵਾਂ, ਮਾਤਾਵਾਂ ਨੇ ਸੰਨਿਆਸ ਕਿਓਂ ਲਿਆ ਹੈ ? ਇਹ ਕੋਈ ਹਠਯੋਗ, ਕਰਮ ਸੰਨਿਆਸ ਨਹੀਂ ਹੈ ਪਰੰਤੂ ਬਿਲਕੁੱਲ ਸਹਿਜਯੋਗ, ਰਾਜਯੋਗ, ਕਰਮਯੋਗ ਸੰਨਿਆਸ ਜ਼ਰੂਰ ਹੈ। ਪਰਮਾਤਮਾ ਖੁਦ ਆਏ ਜਿਉਂਦੇ ਜੀ, ਦੇਹ ਸਹਿਤ ਦੇਹ ਦੇ ਸਾਰੀਆਂ ਕਰਮਿੰਦਰੀਆਂ ਦਾ ਮਨ ਤੋਂ ਸੰਨਿਆਸ ਕਰਵਾਉਂਦਾ ਹੈ ਮਤਲਬ ਪੰਜ ਵਿਕਾਰਾਂ ਦਾ ਸੰਪੂਰਨ ਸੰਨਿਆਸ ਕਰਨਾ ਜਰੂਰ ਹੈ। ਪਰਮਾਤਮਾ ਆਕੇ ਕਹਿੰਦੇ ਹਨ ਦੇ ਦਾਨ ਤਾਂ ਛੁੱਟੇ ਗ੍ਰਹਿਣ। ਹੁਣ ਮਾਇਆ ਦਾ ਇਹ ਗ੍ਰਹਿਣ ਜੋ ਅੱਧਾਕਲਪ ਤੋਂ ਲੱਗਿਆ ਹੋਇਆ ਹੈ ਇਸ ਨਾਲ ਆਤਮਾ ਕਾਲੀ ਪਤਿਤ ਹੋ ਗਈ ਹੈ, ਉਸਨੂੰ ਫ਼ਿਰ ਤੋਂ ਪਵਿੱਤਰ ਬਨਾਉਣਾ ਹੈ। ਵੇਖੋ ਦੇਵਤਾਵਾਂ ਦੀਆਂ ਆਤਮਾਵਾਂ ਕਿੰਨਿਆਂ ਪਵਿੱਤਰ ਅਤੇ ਚਮਤਕਾਰੀ ਹਨ, ਜਦੋਂ ਸੋਲ ਪਵਿੱਤਰ ਹੈ ਤਾਂ ਸ਼ਰੀਰ ਵੀ ਨਿਰੋਗੀ ਪਵਿੱਤਰ ਮਿਲਦਾ ਹੈ। ਹੁਣ ਇਹ ਵੀ ਸੰਨਿਆਸ ਉਦੋਂ ਹੋ ਸਕਦਾ ਹੈ ਜਦੋਂ ਪਹਿਲੋਂ ਕੋਈ ਚੀਜ਼ ਮਿਲਦੀ ਹੈ। ਗ਼ਰੀਬ ਦਾ ਬਾਲਕ ਜਦੋਂ ਸ਼ਾਹੂਕਾਰ ਦੀ ਗੋਦ ਵਿੱਚ ਜਾਂਦਾ ਹੈ ਤਾਂ ਜਰੂਰ ਕੁੱਝ ਵੇਖਕੇ ਗੋਦ ਲੈਂਦਾ ਹੈ, ਪਰੰਤੂ ਸ਼ਾਹੂਕਾਰ ਦਾ ਬਾਲਕ ਗ਼ਰੀਬ ਦੀ ਗੋਦ ਵਿੱਚ ਜਾ ਨਹੀਂ ਸਕਦਾ। ਤਾਂ ਇੱਥੇ ਇਹ ਕੋਈ ਅਨਾਥ ਆਸ਼ਰਮ ਨਹੀਂ ਹੈ, ਇੱਥੇ ਤਾਂ ਵੱਡੇ - ਵੱਡੇ ਧਨਵਾਨ, ਕੁਲਵਾਨ ਮਾਤਾਵਾਂ - ਕੰਨਿਆਵਾਂ ਹਨ ਜਿਨ੍ਹਾਂ ਨੂੰ ਦੁਨਿਆਵੀ ਲੋਕ ਹੁਣ ਵੀ ਚਾਹੁੰਦੇ ਹਨ ਕਿ ਘਰ ਵਿੱਚ ਵਾਪਿਸ ਆ ਜਾਣ, ਪਰੰਤੂ ਉਨ੍ਹਾਂਨੇ ਕੀ ਪ੍ਰਾਪਤ ਕੀਤਾ ਜੋ ਉਸ ਮਾਇਆਵੀ ਧਨ, ਪਦਾਰਥ ਮਤਲਬ ਸਰਵੰਸ਼ ਸੰਨਿਆਸ ਕੀਤਾ ਹੈ। ਤਾਂ ਜਰੂਰ ਉਨ੍ਹਾਂ ਕੋਲੋਂ ਉਨ੍ਹਾਂਨੂੰ ਜਾਸਤੀ ਸੁੱਖ ਸ਼ਾਂਤੀ ਦੀ ਪ੍ਰਾਪਤੀ ਹੋਈ ਤਾਂ ਹੀ ਤੇ ਉਸ ਧਨ, ਪਦਾਰਥ ਨੂੰ ਠੋਕਰ ਮਾਰ ਦਿੱਤੀ। ਜਿਵੇਂ ਰਾਜਾ ਗੋਪੀਚੰਦ ਨੇ ਅਥਵਾ ਮੀਰਾਂ ਨੇ ਰਾਨੀਪਣੇ ਦਾ ਅਥਵਾ ਰਾਜਾਈ ਦਾ ਸੰਨਿਆਸ ਕਰ ਲਿਆ। ਇਹ ਹੈ ਇਸ਼ਵਰੀਏ ਅਤਿੰਦਰੀਏ ਅਲੌਕਿਕ ਸੁੱਖ ਜਿਸਦੇ ਅੱਗੇ ਉਹ ਦੁਨਿਆਵੀ ਪਦਾਰਥ ਤੁੱਛ ਹਨ। ਉਨ੍ਹਾਂਨੂੰ ਇਹ ਪਤਾ ਹੈ ਕਿ ਇਸ ਮਰਜੀਵਾ ਬਣਨ ਨਾਲ ਅਸੀਂ ਜਨਮ - ਜਨਮਾਂਤ੍ਰ ਦੇ ਲਈ ਅਮਰਪੁਰੀ ਦੀ ਬਾਦਸ਼ਾਹੀ ਪ੍ਰਾਪਤ ਕਰ ਰਹੇ ਹਾਂ, ਤਾਂ ਹੀ ਭਵਿੱਖ ਬਣਾਉਣਦਾ ਪੁਰਸ਼ਾਰਥ ਕਰ ਰਹੇ ਹਾਂ। ਪਰਮਾਤਮਾ ਦਾ ਬਣਨਾ ਮਾਨਾ ਪਰਮਾਤਮਾ ਦਾ ਹੋ ਜਾਣਾ, ਸਭ ਕੁਝ ਉਸ ਨੂੰ ਅਰਪਣ ਕਰ ਦੇਣਾ ਫਿਰ ਉਹ ਰਿਟਰਨ ਵਿੱਚ ਅਵਿਨਾਸ਼ੀ ਪਦ ਦੇ ਦਿੰਦਾ ਹੈ। ਤਾਂ ਇਹ ਮਨੋਕਾਮਨਾ ਪਰਮਾਤਮਾ ਹੀ ਆਕੇ ਇਸ ਸੰਗਮ ਦੇ ਸਮੇਂ ਪੂਰਨ ਕਰਦਾ ਹੈ ਕਿਉਂਕਿ ਆਪਾਂ ਜਾਣਦੇ ਹਾਂ ਕਿ ਵਿਨਾਸ਼ ਜਵਾਲਾ ਵਿੱਚ ਤਨ - ਮਨ - ਧਨ ਸਹਿਤ ਸਭ ਭਸਮੀਭੂਤ ਹੋ ਹੀ ਜਾਵੇਗਾ, ਤਾਂ ਕਿਓਂ ਨਾ ਪਰਮਾਤਮਾ ਅਰਥ ਸਫ਼ਲ ਕਰੀਏ। ਹੁਣ ਇਹ ਰਾਜ਼ ਵੀ ਸਮਝਣਾ ਹੈ ਕਿ ਜਦੋਂ ਸਭ ਵਿਨਾਸ਼ ਹੋਣਾ ਹੈ ਤਾਂ ਅਸੀਂ ਵੀ ਲੈ ਕੇ ਕੀ ਕਰੀਏ। ਅਸੀਂ ਕੋਈ ਸੰਨਿਆਸੀਆਂ ਦੀ ਤਰ੍ਹਾਂ, ਮੰਡੂਲੇਸ਼ਵਰ ਦੇ ਮੁਆਫ਼ਿਕ ਇੱਥੇ ਮਹਿਲ ਬਣਾ ਕੇ ਨਹੀਂ ਬੈਠਣਾ ਹੈ ਪਰੰਤੂ ਈਸ਼ਵਰ ਅਰਥ ਬੀਜ਼ ਬੋਣ ਨਾਲ ਉੱਥੇ ਭਵਿੱਖ ਜਨਮ - ਜਨਮਾਂਤ੍ਰ ਇੰਨਾ ਦਾ ਬਣ ਜਾਣਾ ਹੈ, ਇਹ ਹੈ ਗੁਪਤ ਰਾਜ਼। ਪ੍ਰਭੂ ਤਾਂ ਦਾਤਾ ਹੈ ਇਕ ਦਿਓ ਸੌ ਪਾਵੋ। ਪਰੰਤੂ ਇਸ ਗਿਆਨ ਵਿੱਚ ਪਹਿਲੇ ਸਹਿਣ ਕਰਨਾ ਪੈਂਦਾ ਹੈ ਜਿਨਾਂ ਸਹਿਣ ਕਰਾਂਗੇ ਉਨਾਂ ਅੰਤ ਵਿੱਚ ਪ੍ਰਭਾਵ ਨਿਕਲੇਗਾ। ਇਸਲਈ ਹੁਣ ਤੋਂ ਲੈਕੇ ਪੁਰਸ਼ਾਰਥ ਕਰੋ। ਅੱਛਾ।